ਭਲਾਈ ਵਿਭਾਗ
(ਭਲਾਈ ਸੈਲ ਨਾਨ ਪਲਾਨ)

ਸੇਵਾ ਵਿਖੇ,

1. ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ,
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ,
ਪੰਜਾਬ, ਚੰਡੀਗੜ੍ਹ।
3. ਡੀ.ਪੀ.ਆਈ., (ਕਾਲਜਿਜ)
ਪੰਜਾਬ,ਚੰਡੀਗੜ੍ਹ।
4 ਡੀ.ਪੀ.ਆਈ., (ਸਕੂਲਜ)
ਪੰਜਾਬ,ਚੰਡੀਗੜ੍ਹ ।

ਮੀਮੋ ਨੰ; 3/74/07-ਐਸ.ਏ.-II/2012
ਮਿਤੀ: ਚੰਡੀਗੜ੍ਹ 24 ਦਸੰਬਰ, 2012

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਦਾਖਲਾ ਫੀਸ ਅਤੇ ਦੂਸਰੇ ਚਾਰਜਿਜ ਨਾ ਲੈਣ ਬਾਰੇ।

****

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਅੰ:ਵਿ:ਪੱ:ਨੰ: 3/74/07-ਐਸ.ਏ.-II/2244-49 ਮਿਤੀ 11-7-2007 ਅਤੇ ਮੀਮੋ ਨੰ:3/74/07-ਐਸ.ਏ.-II/1058-1061 ਮਿਤੀ 25-6-2010 ਦੇ ਹਵਾਲੇ ਵਿਚ।

2. ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਚਲਾਈ ਜਾ ਰਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ ਸਕੀਮ) ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਉੱਚ ਵਿਦਿਆ ਪ੍ਰਾਪਤ ਕਰਵਾਉਣ ਲਈ ਉਨ੍ਹਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ। ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ, ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 2.00 ਲੱਖ ਰੁਪਏ ਤੋਂ ਘੱਟ ਹੋਵੇ, ਨੂੰ ਮੈਨਟੀਨੈਂਸ ਅਲਾਉਂਸ ਦੇ ਨਾਲ-ਨਾਲ ਦਾਖਲਾ ਫੀਸ ਅਤੇ ਨਾਨ-ਰਿਫੰਡਏਬਲ ਫੀਸਾਂ ਦੀ ਪ੍ਰਤੀ ਪੂਰਤੀ ਵੀ ਕੀਤੀ ਜਾਂਦੀ ਹੈ।

3. ਪੋਸਟ ਮੈਟ੍ਰਿਕ ਪ੍ਰੋਫੈਸ਼ਨਲ ਕੋਰਸਾਂ ਵਿਚ ਫੀਸਾਂ ਵੱਧ ਹੋਣ ਕਾਰਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦਾਖਲਾ ਲੈਣ ਵਿਚ ਪੇਸ਼ ਆ ਰਹੀਆਂ ਔਕੜਾਂ ਨੂੰ ਵਿਚਾਰਨ ਉਪਰੰਤ ਸਰਕਾਰ ਵੱਲੋਂ ਆਪਣੇ ਅੰ:ਵਿ:ਪੱ: ਮਿਤੀ 11.07.2007 ਰਾਹੀਂ ਸਬੰਧਤਾਂ ਨੂੰ ਇਹ ਫੈਸਲਾ ਸੂਚਿਤ ਕੀਤਾ ਗਿਆ ਸੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ) ਸਕੀਮ ਤਹਿਤ ਦਾਖਲੇ ਸਮੇਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਵਿਦਿਆਰਥੀਆਂ ਪਾਸੋਂ ਦਾਖਲਾ/ਟਿਊਸ਼ਨ ਫੀਸ ਅਤੇ ਨਾਨ ਰਿਫੰਡਏਬਲ ਫੀਸਾਂ ਲੈਣ ਦੀ ਬਜਾਏ ਸਕੀਮ ਦੇ ਨਾਰਮਜ਼ ਅਨੁਸਾਰ ਯੋਗ ਵਿਦਿਆਥੀਆਂ ਦੇ ਕੇਸਾਂ ਦੇ ਆਧਾਰ ਤੇ ਸਬੰਧਤ ਵਿਭਾਗ ਡਾਇਰੈਕਟਰ, ਭਲਾਈ ਵਿਭਾਗ ਤੋਂ reimbursement ਪ੍ਰਾਪਤ ਕਰਨਗੇ। ਇਸ ਉਪਰੰਤ ਸਰਕਾਰ ਵਲੋਂ ਅੰ:ਵਿ:ਪੱ: ਮਿਤੀ 11-7-2007 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿਚ ਆਪਣੇ ਪੱਤਰ ਮਿਤੀ 25-6-2010 ਰਾਹੀਂ ਇਹ ਲਿਖਿਆ ਗਿਆ ਸੀ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਪਾਸੋਂ ਉਨ੍ਹਾਂ ਦੇ ਪ੍ਰੋਫੈਸ਼ਨਲ

ਕੋਰਸਾਂ ਵਿਚ ਦਾਖਲੇ ਸਮੇਂ ਦਾਖਲਾ/ਟਿਊਸ਼ਨ ਫੀਸ ਤੇ ਹੋਰ ਨਾਨ- ਰਿਫੰਡੇਬਲ ਫੀਸਾਂ ਉਨ੍ਹਾਂ ਤੋਂ ਲੈਣ ਦੀ ਬਜਾਏ ਬਾਅਦ ਵਿਚ ਭਲਾਈ ਵਿਭਾਗ ਪਾਸੋਂ reimbursement ਲੈਣ ਦੇ ਫੈਸਲੇ ਨੂੰ ਸੁਹਿਰਦਤਾ (effectively) ਨਾਲ ਲਾਗੂ ਕੀਤਾ ਜਾਵੇ। ਐਪਰ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਵਿਦਿੱਅਕ ਸੰਸਥਾਵਾਂ ਵੱਲੋਂ ਅਜੇ ਵੀ ਸਰਕਾਰ ਦੇ ਇਸ ਫੈਸਲੇ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾ ਰਹੀ ਜਦੋਂ ਕਿ ਭਲਾਈ ਵਿਭਾਗ ਵੱਲੋਂ ਜਾਰੀ ਹਦਾਇਤਾਂ ਮਿਤੀ 25-6-10 ਰਾਹੀਂ ਇਹ ਸਪਸ਼ਟ ਲਿਖਿਆ ਗਿਆ ਸੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਯੋਜਿਤ ਸਕੀਮ) ਅਧੀਨ ਦਾਖ਼ਲਾ ਲੈਣ ਵਾਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਤੋਂ ਅਣ-ਅਧਿਕਾਰਤ ਤੌਰ ਤੇ ਫੀਸਾਂ ਵਸੂਲਣ ਵਾਲੀਆਂ ਪ੍ਰਾਈਵੇਟ/ਸਰਕਾਰੀ ਸੰਸਥਾਵਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

4. ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਮੁੜ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਯੋਜਿਤ ਸਕੀਮ) ਅਧੀਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਵਿਦਿਆਰਥੀਆਂ ਪਾਸੋਂ ਦਾਖਲਾ ਪ੍ਰਾਪਤ ਕਰਨ ਸਮੇਂ ਦਾਖਲਾ/ਟਿਊਸ਼ਨ ਫੀਸ ਅਤੇ ਹੋਰ ਕੰਪਲਸਰੀ ਨਾਨ-ਰਿਫੰਡੇਬਲ ਫੀਸਾਂ ਨਾ ਲੈਣ ਸਬੰਧੀ ਸਰਕਾਰ ਦੇ ਫੈਸਲੇ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਆਪਣੇ ਅਧੀਨ ਆਉਂਦੇ ਸਰਕਾਰੀ ਵਿਦਿੱਅਕ ਸੰਸਥਾਵਾਂ/ਯੂਨੀਵਰਸਿਟੀਆਂ/ਪ੍ਰਾਈਵੇਟ ਸੰਸਥਾਵਾਂ/ਕਾਲਜਾਂ ਅਤੇ ਸਕੂਲਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ। ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੀ ਸਹੂਲਤ ਲਈ ਸਬੰਧਤ ਪ੍ਰਾਸਪੈਕਟਸ ਵਿਚ ਲੋੜੀਂਦੀ ਜਾਣਕਾਰੀ ਛਾਪਵਾਉਣ ਦੇ ਨਾਲ-ਨਾਲ ਕਾਲਜ/ਸੰਸਥਾ/ਸਕੂਲ ਦੇ ਨੋਟਿਸ ਬੋਰਡ ਤੇ ਭਲਾਈ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਡਿਸਪਲੇਅ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕਰਨੀਆਂ ਯਕੀਨੀ ਬਣਾਈਆਂ ਜਾਣ ਤਾਂ ਜੋ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੋਗ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਪੂਰਾ-ਪੂਰਾ ਲਾਭ ਉਨ੍ਹਾਂ ਨੂੰ ਮਿਲ ਸਕੇ।

ਸੰਯੁਕਤ ਸਕੱਤਰ ਭਲਾਈ

ਪਿੱਠਅੰਕਣ ਨੰ:3/74/07-ਐਸ.ਏ.-II/2012/619-22 ਮਿਤੀ, ਚੰਡੀਗੜ੍ਹ 24, ਦਸੰਬਰ,2012

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਇਸ ਵਿਭਾਗ ਦੇ ਅੰ:ਵਿ:ਪੱ:ਨੰ: 3/74/07-ਐਸ.ਏ.-II/2239-43 ਮਿਤੀ 11-7-2007 ਦੇ ਹਵਾਲੇ ਵਿੱਚ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਉਚੇਰੀ ਸਿੱਖਿਆ, ਪੰਜਾਬ, ਚੰਡੀਗੜ੍ਹ,
3. ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
4. ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ, ਚੰਡੀਗੜ੍ਹ।

ਸੰਯੁਕਤ ਸਕੱਤਰ ਭਲਾਈ

ਪਿੱਠਅੰਕਣ ਨੰ:3/74/07-ਐਸ.ਏ.-II/2012/ 623-32 ਮਿਤੀ 24 ਦਸੰਬਰ,2012

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਵਿਭਾਗ ਦੇ ਪਿੱਠਅੰਕਣ ਨੰ: 3/74/07-ਐਸ.ਏ.-I/1062-1071 ਮਿਤੀ 25-6-2010 ਦੇ ਹਵਾਲੇ ਵਿਚ ਸੂਚਨਾ ਅਤੇ ਤੁਰੰਤ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਾਇਸ ਚਾਂਸਲਰ,ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ;